# ਹਦਾਇਤਾਂ

1. ਬੋਰਡ ਵੱਲੋਂ ਪ੍ਰਵਾਨਿਤ ਪਾਠ ਪੁਸਤਕਾਂ ਦੀ 60% ਖਰੀਦ ਸਿੱਧੇ ਤੌਰ ਤੇ ਬੋਰਡ ਦੇ ਸਬੰਧਤ ਪਾਠ ਪੁਸਤਕਾਂ ਵਿਕਰੀ ਡਿਪੂ ਤੋਂ ਕੀਤੀ ਜਾਵੇ ਅਤੇ ਖਰੀਦ ਕੀਤੀਆਂ ਕਿਤਾਬਾਂ ਦੇ ਤਸਦੀਕ ਸ਼ੁਦਾ ਬਿੱਲ ਅਨੁਲੱਗ ਬੀ ਨਾਲ ਭੇਜੇ ਜਾਣ।
2. ਪੂਰਵ ਪੰਨੇ ਤੇ ਲੜੀ ਨੰਬਰ '8' ਅਨੁਸਾਰ ਵਾਧਾ ਫੀਸ ਅਤੇ ਅਨੁਲੱਗ 'ਬੀ' ਸਮੇਤ ਦਸਤਾਵੇਜ ਇਸੇ ਸਾਲ 15 ਸਤੰਬਰ ਤੋਂ ਪਹਿਲਾਂ-ਪਹਿਲਾਂ ਬੋਰਡ ਦੇ ਦਫਤਰ ਵਿੱਚ ਜਮ੍ਹਾਂ ਕਰਵਾਏ ਜਾਣ। ਸਮੇਂ ਸਿਰ ਸ਼ਰਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਐਸੋਸੀਏਸ਼ਨ ਵਿਨਿਯਮਾਂ ਅਨੁਸਾਰ ਸੰਸਥਾ ਵਿਰੁੱਧ ਕਾਰਵਾਈ ਕੀਤੀ ਜਾਵੇਗੀ। (ਅਨੁਲੱਗ 'ਬੀ' ਬੋਰਡ ਦੀ ਵੈੱਬ ਸਾਈਟ www.pseb.ac.in ਤੇ School Association Section ਦੇ ਅਧੀਨ ਉਪਲਬਧ ਹੈ)
3. ਪ੍ਰਾਪਤ ਕੀਤੀ ਐਸੋਸੀਏਸ਼ਨ ਦੇ ਨਿਰਧਾਰਤ ਸੈਕਸ਼ਨ ਅਨੁਸਾਰ ਹੀ ਸ਼੍ਰੇਣੀ ਵਾਈਜ ਦਾਖਲਾ ਕੀਤਾ ਜਾਵੇ। ਨਿਰਧਾਰਿਤ ਗਿਣਤੀ ਤੋਂ ਵੱਧ ਵਿਦਿਆਰਥੀ/ਵਾਧੂ ਸੈਕਸ਼ਨ ਦੀ ਪ੍ਰਵਾਨਗੀ ਲਈ ਨਿਰਧਾਰਿਤ ਪ੍ਰੋਫਾਰਮੇ ਅਤੇ ਫੀਸ ਸਮੇਤ ਐਸੋਸੀਏਟ ਪੱਤਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ ਅੰਦਰ ਅਪਲਾਈ ਕਰਨਾ ਜਰੂਰੀ ਹੈ। ਜੇਕਰ ਸੰਸਥਾ ਹਦਾਇਤਾਂ ਅਨੁਸਾਰ ਕਾਰਵਾਈ ਨਹੀਂ ਕਰਦੀ ਤਾਂ ਅਜਿਹੀ ਕੁਤਾਹੀ ਲਈ ਸੰਸਥਾ ਖਿਲਾਫ ਵਿਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਆਪਣੀ ਹੋਵੇਗੀ। (ਨਿਰਧਾਰਿਤ ਪ੍ਰੋਫਾਰਮਾਂ ਬੋਰਡ ਦੀ ਵੈੱਬ ਸਾਈਟ www.pseb.ac.in ਤੇ School Association Section ਦੇ ਅਧੀਨ ਉਪਲਬਧ ਹੈ)
4. ਸੰਸਥਾ ਵੱਲੋਂ ਗਰਮੀ/ਸਰਦੀ ਦੀਆਂ ਛੁੱਟੀਆਂ, ਹਰ ਸਾਲ ਪੰਜਾਬ ਸਰਕਾਰ ਦੇ ਸਰਕਾਰੀ ਸਕੂਲਾਂ ਲਈ ਜਾਰੀ ਕੀਤੇ ਜਾਂਦੇ ਨਿਰਧਾਰਤ ਛੁੱਟੀਆਂ ਦੇ ਸ਼ਡਿਊਲ ਅਨੁਸਾਰ ਹੀ ਕੀਤੀਆਂ ਜਾਣ।
5. ਦਾਖਲਾ ਖਾਰਜ ਰਜਿਸਟਰ ਦਫਤਰ ਵੱਲੋਂ ਨਿਰਧਾਰਿਤ ਕੀਤੇ ਹੀ ਲਗਾਏ ਜਾਣ ਅਤੇ ਇਨ੍ਹਾਂ ਨੂੰ ਮੇਨਟੇਨ ਕਰਨ ਵੇਲੇ ਵਿਦਿਆਰਥੀਆਂ ਦੇ ਵੇਰਵੇ ਸਬੂਤਾਂ ਸਹਿਤ, ਸਹੀ-ਸਹੀ ਅੰਕਿਤ ਕੀਤੇ ਜਾਣ। ਕਿਸੇ ਕਿਸਮ ਦੀ ਕਟਿੰਗ, ਓਵਰ-ਰਾਈਟਿੰਗ ਕਰਨੀ ਵਿਨਿਯਮਾਂ ਦੀ ਉਲੰਘਣਾ ਸਮਝੀ ਜਾਵੇਗੀ। ਇਸ ਲਈ ਦਾਖਲਾ ਖਾਰਜ ਰਜਿਸਟਰ ਦੀ ਪਾਰਦਰਸ਼ਤਾ ਹਰ ਹਾਲਤ ਵਿੱਚ ਯਕੀਨੀ ਬਣਾਈ ਜਾਵੇ। ਦਾਖਲਾ ਖਾਰਜ ਰਜਿਸਟਰ ਦੀ ਖਰੀਦ ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕਰਕੇ ਬਿਲ ਦਿੱਤਾ ਜਾਵੇ।
6. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਮੈਗਜ਼ੀਨ, ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ ਲਈ ਸਲਾਨਾ ਚੰਦਾ ਜਮ੍ਹਾਂ ਕਰਵਾ ਕੇ ਰਸੀਦ ਦੀ ਫੋਟੋ ਕਾਪੀ ਭੇਜੀ ਜਾਵੇ।
7. ਇਹ ਸੰਸਥਾਵਾਂ ਆਪਣੇ ਵਿਦਿਆਰਥੀਆਂ ਦੇ ਪਰੀਖਿਆ ਫਾਰਮ ਇਕੱਠੇ ਭੇਜਣਗੀਆਂ ਅਤੇ ਇਹ ਪਰੀਖਿਆ ਫਾਰਮ ਦਸਵੀਂ ਸ਼੍ਰੇਣੀ ਲਈ ਸਰਕਾਰੀ ਸਕੂਲ ਦੇ ਮੁੱਖ ਅਧਿਆਪਕ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਤੋਂ ਤਸਦੀਕ ਕਰਵਾਉਣਗੇ। **ਜੇਕਰ ਇਹਨਾਂ ਐਸੋਸੀਏਟ ਸੰਸਥਾਵਾਂ ਵਿੱਚ ਮੁੱਖ ਅਧਿਆਪਕ/ਪ੍ਰਿੰਸੀਪਲ ਦਾ ਪੜ੍ਹਾਉਣ ਦਾ ਤਜਰਬਾ 8 ਸਾਲ ਦਾ ਹੈ ਅਤੇ ਵਿੱਦਿਅਕ ਯੋਗਤਾ ਮੁੱਖ ਅਧਿਆਪਕ ਦੀ ਬੀ.ਏ., ਬੀ.ਐੱਡ ਅਤੇ ਪ੍ਰਿੰਸੀਪਲ ਦੀ ਐਮ. ਏ., ਬੀ.ਐੱਡ. ਹੈ ਤਾਂ ਉਹ ਕੇਵਲ ਆਪਣੇ ਸਕੂਲ ਦੇ ਹੀ ਪਰੀਖਿਆ ਫਾਰਮ ਤਸਦੀਕ ਕਰ ਸਕਣਗੇ।**
8. ਜਿਹਨਾਂ ਐਸੋਸੀਏਟ ਸੰਸਥਾਵਾਂ ਦੇ ਅੱਠਵੀਂ, ਦਸਵੀਂ ਅਤੇ ਬਾਰਵੀਂ ਸ਼੍ਰੇਣੀ (ਪ੍ਰਤੀ ਗਰੁੱਪ) ਵਿੱਚ ਪ੍ਰੀਖਿਆਰਥੀਆਂ ਦੀ ਗਿਣਤੀ 20 ਤੋਂ ਘੱਟ ਹੈ, ਉਹ ਸੰਸਥਾਵਾਂ 200/- ਰੁਪਏ ਪ੍ਰਤੀ ਪ੍ਰੀਖਿਆਰਥੀ ਦੇ ਹਿਸਾਬ ਨਾਲ ਬਣਦੀ ਫੀਸ ਵੀ ਵੱਖਰੇ ਤੌਰ ਤੇ ਖੇਤਰੀ ਦਫਤਰ ਵਿਖੇ ਹੀ ਜਮ੍ਹਾਂ ਕਰਵਾਉਣਗੇ।